fact sheet

BC HEALTH COALITION

# ਹੋਮ ਸਪੋਰਟ (ਘਰ ਵਿਚ ਮਦਦ):

*ਵਧੀਆ ਖਿਆਲ...*

## ਹੋਮ ਸਪੋਰਟ (ਘਰ ਵਿਚ ਮਦਦ) ਦਾ ਡੈਨਿਸ਼ ਮਾਡਲ:

ਡੈਨਮਾਰਕ ਦੇਸ਼ ਸਾਰੇ ਬਜ਼ੁਰਗਾਂ ਲਈ ਮੁਫਤ, ਕਈ ਤਰ੍ਹਾਂ ਦੀਆਂ ਘਰ ਵਿਚ ਮਦਦ ਦੀਆਂ 24 ਘੰਟੇ ਸੇਵਾਵਾਂ ਦਿੰਦਾ ਹੈ।

1998 ਵਿਚ, ਡੈਨਮਾਰਕ ਦੀ ਸਰਕਾਰ ਨੇ ਕੇਂਦਰੀ ਕਾਨੂੰਨ ਲਾਗੂ ਕੀਤਾ ਜਿਹੜਾ ਸਾਰੀਆਂ ਮਿਊਂਸਪਿਲਟੀਆਂ ਉੱਪਰ ਇਹ ਜ਼ਿੰਮੇਵਾਰੀ ਪਾਉਂਦਾ ਹੈ ਕਿ ਉਹ 75 ਸਾਲ ਅਤੇ ਜ਼ਿਆਦਾ ਉਮਰ ਦੇ ਸਾਰੇ ਵਸਨੀਕਾਂ ਦੇ ਘਰਾਂ ਵਿਚ ਸਾਲ ਵਿਚ ਦੋ ਵਾਰੀ ਫੇਰੀ ਮਾਰਨ।

ਘਰ ਵਿਚ ਫੇਰੀ ਮਾਰਨ ਦਾ ਮੰਤਵ, ਬਜ਼ੁਰਗਾਂ ਨੂੰ ਮੌਜੂਦ ਸੇਵਾਵਾਂ ਬਾਰੇ ਜਾਣਕਾਰੀ ਦੇਣਾ ਅਤੇ ਆਬਾਦੀ ਦੀਆਂ ਸੰਭਾਵੀ ਤੌਰ 'ਤੇ ਨਾ ਪੂਰੀਆਂ ਹੋ ਰਹੀਆਂ ਲੋੜਾਂ ਬਾਰੇ ਸਥਾਨਕ ਅਧਿਕਾਰੀਆਂ ਨੂੰ ਸੂਚਿਤ ਕਰਨਾ ਹੈ। ਇਹ ਨਵਾਂ ਕਾਨੂੰਨ ਡੈਨਮਾਰਕ ਵਿਚ ਹੋਈ ਇਕ ਖੋਜ ਅਧਿਐਨ ਕਾਰਨ ਬਣਿਆ ਜਿਸ ਵਿਚ ਇਹ ਪਤਾ ਲੱਗਾ ਸੀ ਕਿ ਥੋੜ੍ਹੀ ਮਾਤਰਾ ਵਿਚ ਕੀਤੀ ਗਈ ਮਦਦ ਵੀ ਕਿਸੇ ਸੰਸਥਾ ਵਿਚ ਭੇਜੇ ਜਾਣ ਨੂੰ ਅਗਾਂਹ ਪਾ ਕੇ ਰੋਕਥਾਮ ਕਰਨ ਵਾਲਾ ਅਸਰ ਕਰਦੀ ਹੈ।

ਡੈਨਮਾਰਕ ਦੇ ਘਰ ਵਿਚ ਮਦਦ ਦੇ ਸਿਸਟਮ ਨੇ ਬਜ਼ੁਰਗਾਂ ਦੀ ਸੰਭਾਲ ਦਾ ਸਮੁੱਚਾ ਖਰਚਾ ਘਟਾਇਆ ਹੈ। ਖਾਸ ਤੌਰ 'ਤੇ ਇਸ ਕਰਕੇ ਕਿਉਂਕਿ ਲੋਕ ਆਪਣੇ ਘਰਾਂ ਵਿਚ ਲੰਮਾ ਸਮਾਂ ਰਹਿਣ ਦੇ ਯੋਗ ਹੋਏ ਹਨ, ਅਤੇ ਉਨ੍ਹਾਂ ਨੂੰ ਜ਼ਿਆਦਾ ਮਹਿੰਗੀਆਂ ਸੰਸਥਾਈ ਸੇਵਾਵਾਂ ਤੱਕ ਪਹੁੰਚ ਕਰਨ ਦੀ ਘੱਟ ਲੋੜ ਪੈਂਦੀ ਹੈ।

**ਬਜ਼ੁਰਗਾਂ ਦੇ ਦਸ ਮੁਢਲੇ ਹੱਕ:**

- ਉਸ ਤਰ੍ਹਾਂ ਦਾ ਖਾਣਾ ਖਾਣ ਦਾ ਹੱਕ ਜਿਸ ਤਰ੍ਹਾਂ ਦਾ ਉਹ ਪਸੰਦ ਕਰਦੇ ਹਨ
- ਚੰਗੇ ਕੱਪੜੇ ਅਤੇ ਚੰਗਾ ਟੌਹਰ ਕੱਢਣ ਦਾ ਹੱਕ
- ਆਪਣੇ ਸਮੇਂ ਅਤੇ ਨੇਮ ਬਾਰੇ ਫੈਸਲੇ ਕਰਨ ਦਾ ਹੱਕ
- ਜਦੋਂ ਉਹ ਚਾਹੁਣ ਉਦੋਂ ਬਾਹਰ ਜਾਣ ਦਾ ਹੱਕ
- ਹੋਰ ਲੋਕਾਂ ਨੂੰ ਮਿਲਣ ਦਾ ਹੱਕ
- ਕੱਪੜੇ ਅਤੇ ਆਪਣੀ ਪਸੰਦ ਦੀਆਂ ਹੋਰ ਚੀਜ਼ਾਂ ਖਰੀਦਣ ਦਾ ਹੱਕ
- ਆਮ ਗਰੌਸਰੀ ਸ਼ੌਪ ਵਿਚ ਜਾਣ ਦਾ ਹੱਕ
- ਜ਼ਿੰਦਗੀ ਭਰ ਵਿਕਾਸ ਕਰਦੇ ਰਹਿਣ ਦਾ ਹੱਕ
- ਆਪਣੀਆਂ ਯਾਦਾਸ਼ਤ ਨੂੰ ਕਾਇਮ ਰੱਖਣ ਦਾ ਹੱਕ
- ਜੀਣ ਦੀ ਇੱਛਾ ਕਾਇਮ ਰੱਖਣ ਦਾ ਹੱਕ

***ਡੈਨਿਸ਼ ਨਰਸਿਜ਼ ਔਰਗੇਨਾਈਜ਼ੇਸ਼ਨ/ਐੱਫ ਓ ਏ ਵਲੋਂ ਤਿਆਰ ਕੀਤੇ ਗਏ ਅਤੇ ਡੈਨਮਾਰਕ ਵਿਚ ਬਹੁਤ ਸਾਰੀਆਂ ਮਿਉਂਸਪਿਲਟੀਆਂ ਵਲੋਂ ਅਪਣਾਏ ਗਏ।***

**ਡੈਨਿਸ਼ ਮਾਡਲ ਵਿਚ ਸ਼ਾਮਲ ਹੈ:**

- ✓ **ਘਰ ਵਿਚ 24 ਘੰਟੇ ਮਦਦ ਤੱਕ ਪਹੁੰਚ ਜਿਸ ਵਿਚ ਲਾਊਂਡਰੀ, ਸ਼ੌਪਿੰਗ, ਸਫਾਈ, ਖਾਣੇ ਅਤੇ ਬੈਂਕ ਦੇ ਕੰਮ ਸ਼ਾਮਲ ਹਨ**
- ✓ **24 ਘੰਟੇ ਘਰ ਵਿਚ ਨਰਸਿੰਗ ਸੇਵਾਵਾਂ ਤੱਕ ਪਹੁੰਚ**
- ✓ **ਬਜ਼ੁਰਗਾਂ ਦੇ ਕਮਿਉਨਟੀ ਹੈਲਥ ਸੈਂਟਰ**
- ✓ **ਰਾਜ਼ੀ ਹੋਣ (ਰੀਹੈਬਲੀਟੇਸ਼ਨ) ਵਿਚ ਮਦਦ ਦੀਆਂ ਸੇਵਾਵਾਂ**
- ✓ **ਸਿਟੀਜ਼ਨ ਇਨਪੁੱਟ**
- ✓ **75 ਸਾਲ ਜਾਂ ਜ਼ਿਆਦਾ ਉਮਰ ਦੇ ਸਾਰੇ ਵਸਨੀਕਾਂ ਦੇ ਘਰਾਂ ਵਿਚ ਸਾਲ ਵਿਚ ਦੋ ਫੇਰੀਆਂ**

### ਜ਼ਿਆਦਾ ਜਾਣਕਾਰੀ ਲਈ:

http://www.policyalternatives.ca/Reports/2006/06/ReportsStudies1380/

*ਸੀ ਸੀ ਪੀ ਏ ਹੋਮ ਸਪੋਰਟ ਪੇਪਰ – ਡੈਨਿਸ਼ ਮਾਡਲ ਬਾਰੇ ਜ਼ਿਆਦਾ ਜਾਣਕਾਰੀ ਅਤੇ ਹੋਰ ਜਾਣਕਾਰੀ ਲਈ ਹਵਾਲੇ ਸ਼ਾਮਲ ਹਨ।*

BC Health Coalition
ਵੈੱਬ: www.bchealthcoalition.ca
ਫੋਨ: 604.681.7945
ਐਡਰੈਸ: 2nd Floor, 411 Dunsmuir Street, Vancouver, BC V6B 1X4
ਈਮੇਲ: info@bchealthcoalition.ca
ਫੈਕਸ: 604.681.7947